News Release

2022 BUDGET



# ਕੈਨੇਡਾ ਸਰਕਾਰ ਨੇ ਬਜਟ 2022 ਜਾਰੀ ਕੀਤਾ

ਅਪ੍ਰੈਲ 7, 2022 ਓਟਾਵਾ, ਓਨਟਾਰੀਓ ਡਿਪਾਰਟਮੈਂਟ ਆਫ ਫਾਈਨੈਂਸ ਕੈਨੇਡਾ

ਅੱਜ, ਮਾਣਯੋਗ ਕ੍ਰਿਸਟੀਆ ਫ੍ਰੀਲੈਂਡ, ਉਪ-ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ, ਨੇ ਬਜਟ 2022 ਜਾਰੀ ਕੀਤਾ ਹੇ: *ਏ ਪਲੈਨ ਟੂ ਗਰੋ ਆਵਰ ਇਕਾਨਮੀ ਐਂਡ ਮੇਕ ਲਾਈਫ ਮੋਰ ਅਫੋਰਡੇਬਲ (ਸਾਡੀ ਆਰਥਿਕਤਾ ਨੂੰ ਵਧਾਉਣ ਅਤੇ ਜੀਵਨ ਨੂੰ ਹੋਰ ਕਿਫਾਇਤੀ ਬਣਾਉਣ ਲਈ ਇੱਕ ਯੋਜਨਾ।*

ਮਹਾਂਮਾਰੀ ਦੀ ਮੰਦੀ ਦੀ ਡੂੰਘਾਈ ਤੋਂ, ਸਰਕਾਰ ਦਾ ਧਿਆਨ ਨੌਕਰੀਆਂ 'ਤੇ - ਕੈਨੇਡੀਅਨਾਂ ਨੂੰ ਰੁਜ਼ਗਾਰ ਦੇਣ ਅਤੇ ਉਨ੍ਹਾਂ ਦੇ ਮਾਲਕਾਂ ਨੂੰ ਚਾਲੂ ਰੱਖਣ 'ਤੇ - ਨੇ ਯਕੀਨੀ ਬਣਾਇਆ ਹੈ ਕਿ ਕੈਨੇਡਾ ਦੀ ਆਰਥਿਕਤਾ ਨੇ ਤੇਜ਼ੀ ਨਾਲ ਅਤੇ ਮਜ਼ਬੂਤ ਰਿਕਵਰੀ ਕੀਤੀ ਹੈ। ਕੈਨੇਡਾ ਨੇ G7 ਵਿੱਚ ਸਭ ਤੋਂ ਵਧੀਆ ਨੌਕਰੀਆਂ ਦੀ ਰਿਕਵਰੀ ਕੀਤੀ ਹੈ, ਗੁਆਚਿਆਂ ਨੌਕਰੀਆਂ ਵਿਚੋਂ 112 ਪ੍ਰਤੀਸ਼ਤ ਦੀ ਰਿਕਵਰੀ ਹੋਈ ਹੈ, ਅਤੇ ਬੇਰੁਜ਼ਗਾਰੀ ਦੀ ਦਰ ਸਿਰਫ਼ 5.5 ਪ੍ਰਤੀਸ਼ਤ ਹੈ ਜਿਹੜੀ 2019 ਦੀ 5.4 ਦੇ ਨੇੜੇ ਹੈ, ਜੋ ਕਿ ਪੰਜ ਦਹਾਕਿਆਂ ਵਿੱਚ ਕੈਨੇਡਾ ਲਈ ਸਭ ਤੋਂ ਘੱਟ ਹੋਣ ਕਰਕੇ ਵਧੀਆ ਸੀ। .

ਬਜਟ 2022 ਵਿੱਚ, ਨੌਕਰੀਆਂ ਅਤੇ ਖੁਸ਼ਹਾਲੀ ਪੈਦਾ ਕਰਨ ਲਈ, ਅਤੇ ਸਾਰੇ ਕੈਨੇਡੀਅਨਾਂ ਲਈ ਇੱਕ ਮਜ਼ਬੂਤ ਆਰਥਿਕ ਭਵਿੱਖ ਬਣਾਉਣ ਲਈ ਸਰਕਾਰ ਅੱਜ ਨਿਸ਼ਾਨਾਬੱਧ ਅਤੇ ਜ਼ਿੰਮੇਵਾਰ ਨਿਵੇਸ਼ ਕਰਦੀ ਹੈ। ਇਹਨਾਂ ਵਿੱਚ ਸ਼ਾਮਲ ਹਨ:

1. **ਕੈਨੇਡੀਅਨਾਂ ਵਿੱਚ ਨਿਵੇਸ਼ ਕਰਨਾ ਅਤੇ ਜੀਵਨ ਨੂੰ ਹੋਰ ਕਿਫਾਇਤੀ ਬਣਾਉਣਾ:** ਕੈਨੇਡੀਅਨ ਇੱਕ ਮਜ਼ਬੂਤ ਅਤੇ ਵਧ ਰਹੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ, ਅਤੇ ਆਰਥਿਕ ਵਿਕਾਸ ਲਈ ਰਿਹਾਇਸ਼ ਅਤੇ ਵਧ ਰਹੇ ਕਾਮਿਆਂ ਦੀ ਪਹੁੰਚ ਨੂੰ ਸਮਰਥਨ ਦੇਣ ਵਾਲੇ ਉਪਾਅ ਜ਼ਰੂਰੀ ਹਨ। ਬਜਟ 2022 ਹਾਊਸਿੰਗ ਉਪਾਵਾਂ ਵਿੱਚ ਸ਼ਾਮਲ ਹਨ: ਅਗਲੇ ਦਹਾਕੇ ਵਿੱਚ ਕੈਨੇਡਾ ਨੂੰ ਦੋਹਰੀ ਰਿਹਾਇਸ਼ੀ ਉਸਾਰੀ ਦੇ ਰਾਹ 'ਤੇ ਲਿਆਉਣਾ; ਕੈਨੇਡੀਅਨਾਂ ਨੂੰ ਆਪਣਾ ਪਹਿਲਾ ਘਰ ਲਈ ਬਚੱਤ ਕਰਨ ਅਤੇ ਖਰੀਦਣ ਵਿੱਚ ਮਦਦ ਕਰਨਾ; ਵਿਦੇਸ਼ੀ ਨਿਵੇਸ਼ 'ਤੇ ਪਾਬੰਦੀ ਲਗਾਉਣਾ ਜੋ ਕੈਨੇਡੀਅਨਾਂ ਲਈ ਰਿਹਾਇਸ਼ ਪਹੁੰਚ ਤੋਂ ਬਾਹਿਰ ਬਣਾਉਂਦਾ ਹੈ; ਅਤੇ ਕੈਨੇਡੀਅਨਾਂ ਲਈ ਰਿਹਾਇਸ਼ ਨੂੰ ਹੋਰ ਮਹਿੰਗਾ ਬਣਾਉਣ ਵਾਲੇ ਅਨਉਚਿਤ ਅਭਿਆਸਾਂ ਨੂੰ ਰੋਕਣਾ। ਬਜਟ 2022 ਇਹ ਯਕੀਨੀ ਬਣਾਉਣ ਲਈ ਵੀ ਨਿਵੇਸ਼ ਕਰਦਾ ਹੈ ਕਿ ਕੈਨੇਡੀਅਨ ਕਾਮਿਆਂ ਕੋਲ ਉਹ ਹੁਨਰ ਹੋਣ ਜੋ ਉਹਨਾਂ ਨੂੰ ਅੱਜ ਅਤੇ ਕੱਲ੍ਹ ਦੀਆਂ ਚੰਗੀਆਂ ਤਨਖਾਹਾਂ ਵਾਲੀਆਂ ਨੌਕਰੀਆਂ ਲਈ ਲੋੜੀਂਦੇ ਹਨ, ਅਤੇ ਜੋ ਹੁਨਰਮੰਦ ਪ੍ਰਵਾਸੀਆਂ ਲਈ ਕੈਨੇਡਾ ਨੂੰ ਆਪਣਾ ਘਰ ਬਣਾਉਣਾ ਆਸਾਨ ਬਣਾਏਗਾ ਜਿਸ ਦੀ ਸਾਡੀ ਆਰਥਿਕਤਾ ਨੂੰ ਲੋੜ ਹੈ। ਬਜਟ 2022 ਕਿਫਾਇਤੀ ਚਾਈਲਡ ਕੇਅਰ ਵਿੱਚ, ਸਾਡੀ ਪਬਲਿਕ ਹੈਲਥ ਕੇਅਰ ਸਿਸਟਮ (ਜਨਤਕ ਸਿਹਤ ਸੰਭਾਲ ਪ੍ਰਣਾਲੀ) ਵਿੱਚ ਸਰਜਰੀਆਂ ਅਤੇ ਡਾਕਟਰੀ ਪ੍ਰਕਿਰਿਆਵਾਂ ਦੇ ਬੈਕਲਾਗ ਨੂੰ ਘਟਾਉਣ, ਅਤੇ ਇੰਡਿਜਨਸ ਲੋਕਾਂ ਨਾਲ ਸੁਲ੍ਹਾ-ਸਫਾਈ ਨੂੰ ਅੱਗੇ ਵਧਾਉਣ ਵਿੱਚ ਹੋਰ ਮਹੱਤਵਪੂਰਨ ਨਿਵੇਸ਼ ਕਰਦਾ ਹੈ।

2. **ਆਰਥਿਕ ਵਿਕਾਸ ਅਤੇ ਨਵੀਨਤਾ ਵਿੱਚ ਨਿਵੇਸ਼:** ਕੈਨੇਡਾ ਦੀ ਲੰਬੇ ਸਮੇਂ ਦੀ ਖੁਸ਼ਹਾਲੀ ਦੀ ਕੁੰਜੀ ਆਰਥਿਕ ਵਿਕਾਸ ਹੈ। ਬਜਟ 2022 ਬਜਟ 2021 ਦੇ ਸ਼ੁਰੂਆਤੀ ਸਿੱਖਣ ਅਤੇ ਬੱਚਿਆਂ ਦੀ ਦੇਖਭਾਲ ਦੀ ਇਤਿਹਾਸਕ ਨਿਵੇਸ਼ਾਂ 'ਤੇ ਅਧਾਰਿਤ ਅਗੇ ਵਧ ਰਿਹਾ ਹੈ—ਜੋ ਅਗਲੇ ਦੋ ਦਹਾਕਿਆਂ ਵਿੱਚ ਅਸਲ ਜੀਡੀਪੀ ਵਿੱਚ 1.2 ਪ੍ਰਤੀਸ਼ਤ ਤੱਕ ਵਾਧਾ ਕਰ ਸਕਦਾ ਹੈ — ਅਤੇ ਇਸ ਵਿੱਚ ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਅਤੇ ਵਧੇਰੇ ਨਵੀਨਤਾਕਾਰੀ ਬਣਾਉਣ ਲਈ ਹੋਰ ਮਹੱਤਵਪੂਰਨ ਨਿਵੇਸ਼ ਸ਼ਾਮਲ ਹਨ। ਇਹਨਾਂ ਨਿਵੇਸ਼ਾਂ ਵਿੱਚ ਇੱਕ ਨਵਾਂ ਕੈਨੇਡਾ ਗਰੋਥ ਫੰਡ ਸ਼ਾਮਲ ਹੈ ਜੋ ਕੈਨੇਡੀਅਨ ਉਦਯੋਗਾਂ ਅਤੇ ਕੈਨੇਡੀਅਨ ਨੌਕਰੀਆਂ ਵਿੱਚ ਅਰਬਾਂ ਡਾਲਰਾਂ ਦੇ ਨਿੱਜੀ ਨਿਵੇਸ਼ ਨੂੰ ਆਕਰਸ਼ਿਤ ਕਰੇਗਾ, ਅਤੇ ਇੱਕ ਨਵੀਂ ਨਵੀਨਤਾ ਅਤੇ ਨਿਵੇਸ਼ ਏਜੰਸੀ ਜੋ ਸਾਡੀ ਆਰਥਿਕਤਾ ਵਿੱਚ ਉਤਪਾਦਕਤਾ ਅਤੇ ਵਿਕਾਸ ਨੂੰ ਵਧਾਉਣ ਵਿੱਚ ਮਦਦ ਕਰੇਗੀ। ਬਜਟ 2022 ਵਿੱਚ ਕੈਨੇਡਾ ਦੀ ਪਹਿਲੀ ਕ੍ਰਿਟੀਕਲ ਮਿਨਰਲਜ਼ ਰਣਨੀਤੀ ਨੂੰ ਲਾਗੂ ਕਰਨ ਲਈ $3.8 ਬਿਲੀਅਨ ਤੱਕ ਵੀ ਸ਼ਾਮਲ ਹੈ— ਜੋ ਹਜ਼ਾਰਾਂ ਚੰਗੀਆਂ ਨੌਕਰੀਆਂ ਪੈਦਾ ਕਰੇਗੀ ਅਤੇ ਫ਼ੋਨ ਤੋਂ ਲੈ ਕੇ ਇਲੈਕਟ੍ਰਿਕ ਕਾਰਾਂ ਤੱਕ ਹਰ ਚੀਜ਼ ਵਿੱਚ ਵਰਤੇ ਜਾਣ ਵਾਲੇ ਖਣਿਜਾਂ

ਦੀ ਵਧਦੀ ਲੋੜ ਨੂੰ ਪੂਰਾ ਕਰੇਗੀ। ਉਪਾਵਾਂ ਵਿੱਚ ਵਧੇਰੇ ਲਚਕੀਲਾ ਸਪਲਾਈ ਚੇਨ ਬਣਾਉਣ, ਕੈਨੇਡਾ ਦੇ ਵਧ ਰਹੇ ਛੋਟੇ ਕਾਰੋਬਾਰਾਂ ਲਈ ਟੈਕਸਾਂ ਵਿੱਚ ਕਟੌਤੀ ਕਰਨ, ਅਤੇ ਕੈਨੇਡੀਅਨ ਬੌਧਿਕ ਸੰਪੱਤੀ ਦੀ ਰਚਨਾ ਨੂੰ ਚਲਾਉਣ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਦਮ ਵੀ ਸ਼ਾਮਲ ਹਨ।

3. **ਸਵੱਛ ਆਰਥਿਕਤਾ ਵਿੱਚ ਨਿਵੇਸ਼ ਕਰਨਾ:** ਸਾਡੇ ਵਾਤਾਵਰਣ ਦੀ ਰੱਖਿਆ ਕਰਨਾ ਅਤੇ ਜਲਵਾਯੂ ਤਬਦੀਲੀ ਨਾਲ ਲੜਨਾ ਧਰਤੀ ਲਈ ਸਹੀ ਕੰਮ ਹੈ, ਅਤੇ ਇਹ ਸਾਡੀ ਆਰਥਿਕਤਾ ਲਈ ਵੀ ਸਹੀ ਕੰਮ ਹੈ। ਬਜਟ 2022 ਰਾਹੀਂ, ਸਰਕਾਰ ਕੈਨੇਡੀਅਨਾਂ ਅਤੇ ਕੈਨੇਡੀਅਨ ਕਾਰੋਬਾਰਾਂ ਨੂੰ ਸਾਫ਼-ਸੁਥਰੀ ਆਰਥਿਕਤਾ ਵੱਲ ਗਲੋਬਲ ਤਬਦੀਲੀ ਤੋਂ ਲਾਭ ਲੈਣ ਵਿੱਚ ਮਦਦ ਕਰੇਗੀ, ਜਿਸ ਵਿੱਚ ਸਾਫ਼-ਸੁਥਰੀ ਤਕਨਾਲੋਜੀਆਂ ਅਤੇ ਕਾਰਬਨ ਰੋਕਣਾ, ਉਪਯੋਗਤਾ ਅਤੇ ਸਟੋਰੇਜ ਦੇ ਵਿਕਾਸ ਲਈ ਨਵੇਂ ਪ੍ਰੋਤਸਾਹਨ ਸ਼ਾਮਲ ਹਨ। ਸਾਡੀ ਜ਼ਮੀਨ, ਝੀਲਾਂ ਅਤੇ ਸਮੁੰਦਰਾਂ ਦੀ ਸੁਰੱਖਿਆ ਲਈ ਹੋਰ ਨਿਵੇਸ਼ਾਂ ਤੋਂ ਇਲਾਵਾ, ਸਰਕਾਰ ਕੈਨੇਡੀਅਨਾਂ ਲਈ ਜ਼ੀਰੋ-ਐਮਿਸ਼ਨ ਵਾਹਨ ਖਰੀਦਣ, ਜ਼ੀਰੋ-ਐਮਿਸ਼ਨ ਵਾਹਨ ਚਾਰਜਿੰਗ ਸਟੇਸ਼ਨਾਂ ਦੇ ਇੱਕ ਰਾਸ਼ਟਰੀ ਨੈੱਟਵਰਕ ਦਾ ਨਿਰਮਾਣ ਅਤੇ ਵਿਸਤਾਰ ਕਰਨ ਅਤੇ ਸਾਫ਼ ਊਰਜਾ ਵਿੱਚ ਨਵੇਂ ਨਿਵੇਸ਼ ਕਰਕੇ ਇਸਨੂੰ ਹੋਰ ਕਿਫਾਇਤੀ ਬਣਾਏਗੀ।

ਕੈਨੇਡਾ ਨੇ ਸਾਰੇ G7 ਦੇਸ਼ਾਂ ਦੇ ਸਭ ਤੋਂ ਘੱਟ ਕਰਜ਼ੇ-ਤੋਂ-ਜੀਡੀਪੀ ਅਨੁਪਾਤ ਦੇ ਨਾਲ ਮਹਾਂਮਾਰੀ ਵਿੱਚ ਪ੍ਰਵੇਸ਼ ਕੀਤਾ, ਇੱਕ ਫਾਇਦਾ ਜੋ ਬਾਅਦ ਵਿੱਚ ਦੂਜੇ ਦੇਸ਼ਾਂ ਦੇ ਮੁਕਾਬਲੇ ਵਧਿਆ ਹੈ। ਬਜਟ 2022 ਦੇ ਨਾਲ, ਕੈਨੇਡਾ ਇਸ ਮੋਹਰੀ ਸਥਿਤੀ ਨੂੰ ਬਰਕਰਾਰ ਰੱਖੇਗਾ, ਜਦੋਂ ਕਿ ਇਸ ਸਾਲ ਦੇ ਅੰਤ ਤੱਕ G7 ਵਿੱਚ ਦੂਜੀ ਸਭ ਤੋਂ ਤੇਜ਼ ਰਿਕਵਰੀ ਨੂੰ ਵੀ ਦੇਖਿਆ ਜਾਵੇਗਾ। ਫੈਡਰਲ ਸਰਕਾਰ ਨੇ ਮਹਾਂਮਾਰੀ ਦੌਰਾਨ ਕੈਨੇਡੀਅਨਾਂ ਅਤੇ ਕੈਨੇਡੀਅਨ ਆਰਥਿਕਤਾ ਨੂੰ ਸਮਰਥਨ ਦੇਣ ਲਈ ਹਰ ਦਸ ਵਿੱਚੋਂ ਅੱਠ ਡਾਲਰਾਂ ਦਾ ਨਿਵੇਸ਼ ਕਰਨ ਦੇ ਨਾਲ, ਬਜਟ 2022 ਆਰਥਿਕ ਵਿਕਾਸ ਲਈ ਵਿੱਤੀ ਤੌਰ 'ਤੇ ਜ਼ਿੰਮੇਵਾਰ ਪਹੁੰਚ ਨੂੰ ਦਰਸਾਉਂਦਾ ਹੈ ਅਤੇ ਇੱਕ ਅਜਿਹੀ ਆਰਥਿਕਤਾ ਬਣਾਉਂਦਾ ਹੈ ਜੋ ਹਰੇਕ ਲਈ ਕੰਮ ਕਰਦੀ ਹੈ। ਮਹੱਤਵਪੂਰਨ ਤੌਰ 'ਤੇ, ਇਹ ਸਰਕਾਰ ਦੇ ਵਿੱਤੀ ਐਂਕਰ ਨੂੰ ਬਰਕਰਾਰ ਰੱਖਦਾ ਹੈ - ਇੱਕ ਘਟਦੇ ਕਰਜ਼ੇ-ਤੋਂ-ਜੀਡੀਪੀ ਅਨੁਪਾਤ ਅਤੇ ਕੋਵਿਡ-19-ਸਬੰਧਤ ਘਾਟੇ ਨੂੰ ਖਤਮ ਕਰਨਾ, ਜੋ ਇਹ ਯਕੀਨੀ ਬਣਾਏਗਾ ਕਿ ਕੈਨੇਡਾ ਦੇ ਵਿੱਤ ਲੰਬੇ ਸਮੇਂ ਤੱਕ ਟਿਕਾਊ ਬਣੇ ਰਹਿਣ।

## ਕੋਟੇਸ਼ਨ

"ਬਜਟ 2022 ਸਾਡੀ ਆਰਥਿਕਤਾ ਨੂੰ ਵਧਾਉਣ, ਚੰਗੀਆਂ ਨੌਕਰੀਆਂ ਪੈਦਾ ਕਰਨ, ਅਤੇ ਇੱਕ ਅਜਿਹਾ ਕੈਨੇਡਾ ਬਣਾਉਣ ਬਾਰੇ ਹੈ ਜਿੱਥੇ ਕੋਈ ਵੀ ਪਿੱਛੇ ਨਾ ਰਹੇ। ਸਾਡੀ ਯੋਜਨਾ ਜ਼ਿੰਮੇਵਾਰ ਅਤੇ ਸੋਚੀ-ਸਮਝੀ ਹੈ, ਅਤੇ ਇਸਦਾ ਮਤਲਬ ਕੈਨੇਡੀਅਨਾਂ ਲਈ ਵਧੇਰੇ ਘਰ ਅਤੇ ਚੰਗੀ ਤਨਖਾਹ ਵਾਲੀਆਂ ਨੌਕਰੀਆਂ; ਸਾਡੇ ਬੱਚਿਆਂ ਲਈ ਸਾਫ਼ ਹਵਾ ਅਤੇ ਸਾਫ਼ ਪਾਣੀ; ਅਤੇ ਆਉਣ ਵਾਲੇ ਸਾਲਾਂ ਲਈ ਇੱਕ ਮਜ਼ਬੂਤ ਅਤੇ ਵਧੇਰੇ ਲਚਕੀਲੀ ਅਰਥਚਾਰਾ ਹੋਣ ਜਾ ਰਿਹਾ ਹੈ।

*ਮਾਨਯੋਗ ਕ੍ਰਿਸਟੀਆ ਫ੍ਰੀਲੈਂਡ, ਉਪ-ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ*

## ਸੌਖੇ ਨੁੱਕਤੇ

- **ਹਾਊਸਿੰਗ ਨੂੰ ਹੋਰ ਕਿਫਾਇਤੀ ਬਣਾਉਣ ਲਈ ਬਜਟ 2022 ਦੇ ਉਪਾਵਾਂ ਵਿੱਚ ਸ਼ਾਮਲ ਹਨ:**
    - ਅਗਲੇ ਦਹਾਕੇ ਵਿੱਚ ਨਵੇਂ ਘਰਾਂ ਦੀ ਉਸਾਰੀ ਨੂੰ ਦੁੱਗਣਾ ਕਰਨ ਲਈ ਕੈਨੇਡਾ ਨੂੰ ਉਸ ਰਾਹ 'ਤੇ ਪਾਉਣਾ;
    - ਕੈਨੇਡੀਅਨਾਂ ਨੂੰ ਆਪਣਾ ਪਹਿਲਾ ਘਰ ਖਰੀਦਣ ਵਿੱਚ ਮਦਦ ਕਰਨਾ, ਜਿਸ ਵਿੱਚ ਟੈਕਸ-ਮੁਕਤ ਪਹਿਲਾ ਘਰ ਬਚਤ ਖਾਤਾ ਸ਼ੁਰੂ ਕਰਨਾ ਅਤੇ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਦੇ ਟੈਕਸ ਕ੍ਰੈਡਿਟ ਨੂੰ ਦੁੱਗਣਾ ਕਰਨਾ ਸ਼ਾਮਲ ਹੈ; ਅਤੇ

- ਇੱਕ ਨਵਾਂ ਹਾਊਸਿੰਗ ਐਕਸਲੇਟਰ ਫੰਡ ਲਾਂਚ ਕਰਨਾ ਜੋ ਅਗਲੇ ਪੰਜ ਸਾਲਾਂ ਵਿੱਚ 100,000 ਨੈਟ ਨਵੇਂ ਹਾਊਸਿੰਗ ਯੂਨਿਟ ਬਣਾਉਣ ਦਾ ਟੀਚਾ ਰੱਖੇਗਾ।

- **ਮੌਸਮੀ ਤਬਦੀਲੀ ਨਾਲ ਲੜਨ ਲਈ ਬਜਟ** 2022 **ਦੇ ਉਪਾਵਾਂ ਵਿੱਚ ਸ਼ਾਮਲ ਹਨ:**
  - ਜ਼ੀਰੋ-ਐਮਿਸ਼ਨ ਵਾਹਨਾਂ ਨੂੰ ਹੋਰ ਕਿਫਾਇਤੀ ਬਣਾਉਣ ਅਤੇ ਚਾਰਜਿੰਗ ਸਟੇਸ਼ਨਾਂ ਦਾ ਇੱਕ ਰਾਸ਼ਟਰੀ ਨੈੱਟਵਰਕ ਬਣਾਉਣ ਲਈ $3 ਬਿਲੀਅਨ ਤੋਂ ਵਧ ਫੰਡਿੰਗ;
  - ਸਾਡੀ ਜ਼ਮੀਨ, ਝੀਲਾਂ ਅਤੇ ਸਮੁੰਦਰਾਂ ਦੀ ਰੱਖਿਆ ਲਈ ਮਹੱਤਵਪੂਰਨ ਨਵੇਂ ਨਿਵੇਸ਼; ਅਤੇ
  - 2050 ਤੱਕ ਨੈੱਟ-ਜ਼ੀਰੋ ਅਰਥਵਿਵਸਥਾ ਬਣਾਉਣ ਲਈ ਨਿੱਜੀ ਪੂੰਜੀ ਵਿੱਚ ਅਰਬਾਂ ਡਾਲਰਾਂ ਨੂੰ ਆਕਰਸ਼ਿਤ ਕਰਨ ਵਿੱਚ ਮਦਦ ਕਰਨ ਲਈ ਕੈਨੇਡਾ ਗਰੋਥ ਫੰਡ ਦੀ ਸਿਰਜਣਾ।

- **ਬਜਟ 2022 ਵਿੱਚ ਹੋਰ ਮਹੱਤਵਪੂਰਨ ਉਪਾਵਾਂ ਵਿੱਚ ਸ਼ਾਮਲ ਹਨ:**
  - 2022 ਵਿੱਚ 12 ਸਾਲ ਤੋਂ ਘੱਟ ਉਮਰ ਦੇ ਲੋਕਾਂ ਤੋਂ ਸ਼ੁਰੂ ਕਰਕੇ, 2023 ਵਿੱਚ 18 ਸਾਲ ਤੋਂ ਘੱਟ ਉਮਰ ਦੇ, ਬਜ਼ੁਰਗਾਂ ਅਤੇ ਅਪਾਹਜਤਾ ਵਾਲੇ ਵਿਅਕਤੀਆਂ ਲਈ, ਸਾਲਾਨਾ $90,000 ਤੋਂ ਘੱਟ ਦੀ ਪਰਿਵਾਰਕ ਆਮਦਨ ਵਾਲੇ ਕੈਨੇਡੀਅਨਾਂ ਲਈ ਦੰਦਾਂ ਦੀ ਦੇਖਭਾਲ ਪ੍ਰਦਾਨ ਕਰਨ ਲਈ ਪੰਜ ਸਾਲਾਂ ਵਿੱਚ $5.3 ਬਿਲੀਅਨ, ਅਤੇ 2025 ਤੱਕ ਪੂਰੀ ਤਰ੍ਹਾਂ ਲਾਗੂ ਹੋਏਗਾ। ਇਹ ਪ੍ਰੋਗਰਾਮ $90,000 ਸਲਾਨਾ ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਤੱਕ ਸੀਮਤ ਰਹੇਗਾ, ਸਲਾਨਾ $70,000 ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਲਈ ਕੋਈ ਸਹਿ-ਭੁਗਤਾਨ ਨਹੀਂ;
  - ਕੈਨੇਡਾ ਦੀ ਪਹਿਲੀ ਕ੍ਰਿਟੀਕਲ ਮਿਨਰਲਜ਼ ਰਣਨੀਤੀ ਨੂੰ ਲਾਗੂ ਕਰਨ ਲਈ $3.8 ਬਿਲੀਅਨ ਤੱਕ;
  - ਇੰਡਿਜਨਸ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਹਾਇਤਾ ਕਰਨਾ ਜਾਰੀ ਰੱਖਣ ਲਈ $11 ਬਿਲੀਅਨ ਵਾਧੂ ਫੰਡਿੰਗ, ਅਤੇ ਇੰਡਿਜਨਸ ਭਾਈਚਾਰਿਆਂ ਨੂੰ ਵਧਣ ਅਤੇ ਉਨ੍ਹਾਂ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਮਦਦ ਕਰਨਾ;
  - ਕੈਨੇਡੀਅਨ ਆਰਮਡ ਫੋਰਸਿਜ਼ ਨੂੰ ਬਿਹਤਰ ਢੰਗ ਨਾਲ ਲੈਸ ਕਰਨ, NATO ਅਤੇ NORAD ਵਰਗੇ ਸਾਡੇ ਮੁੱਖ ਗਠਜੋੜਾਂ ਨਾਲ ਕੈਨੇਡਾ ਦੇ ਯੋਗਦਾਨਾਂ ਨੂੰ ਮਜ਼ਬੂਤ ਕਰਨ ਅਤੇ ਕੈਨੇਡਾ ਦੀ ਸਾਈਬਰ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ $8 ਬਿਲੀਅਨ ਤੋਂ ਵੱਧ ਨਵੀਂ ਫੰਡਿੰਗ;
  - ਰੂਸ ਦੇ ਗੈਰ-ਕਾਨੂੰਨੀ ਹਮਲੇ ਦੇ ਮੱਦੇਨਜ਼ਰ ਯੂਕਰੇਨ ਅਤੇ ਇਸਦੇ ਲੋਕਾਂ ਲਈ ਹੋਰ ਸਹਾਇਤਾ, ਅੰਤਰਰਾਸ਼ਟਰੀ ਮੁਦਰਾ ਫੰਡ (IMF) ਵਿੱਚ ਯੂਕਰੇਨ ਲਈ ਇੱਕ ਨਵੇਂ ਪ੍ਰਸ਼ਾਸਿਤ ਖਾਤੇ ਦੁਆਰਾ ਯੂਕਰੇਨ ਸਰਕਾਰ ਨੂੰ $1 ਬਿਲੀਅਨ ਤੱਕ ਦੇ ਨਵੇਂ ਕਰਜ਼ੇ ਦੇ ਸਰੋਤਾਂ ਸਮੇਤ, ਅਤੇ ਵਾਧੂ $500 ਮਿਲੀਅਨ ਫੌਜੀ ਸਹਾਇਤਾ ਵਿੱਚ;
  - ਇੱਕ ਟੈਂਪਰੇਰੀ ਕੈਨੇਡਾ ਰਿਕਵਰੀ ਡਿਵੀਡੈਂਡ, ਕੈਨੇਡਾ ਦੀ ਵਿਆਪਕ ਰਿਕਵਰੀ ਵਿੱਚ ਸਹਾਇਤਾ ਕਰਨ ਲਈ, ਕੈਨੇਡਾ ਦੇ ਸਭ ਤੋਂ ਵੱਡੇ ਬੈਂਕਿੰਗ ਅਤੇ ਜੀਵਨ ਬੀਮਾਕਰਤਾਵਾਂ ਦੇ ਸਮੂਹਾਂ ਦੀ $1 ਬਿਲੀਅਨ ਤੋਂ ਵੱਧ ਦੀ 2021 ਦੀ ਟੈਕਸਯੋਗ ਆਮਦਨ ਉੱਤੇ ਇੱਕ ਵਾਰ ਦੇ 15 ਪ੍ਰਤੀਸ਼ਤ ਟੈਕਸ ਦੀ ਨੁਮਾਇੰਦਗੀ ਕਰਦਾ ਹੈ; ਅਤੇ
  - $100 ਮਿਲੀਅਨ ਤੋਂ ਵੱਧ ਦੀ ਟੈਕਸਯੋਗ ਆਮਦਨ 'ਤੇ ਬੈਂਕਿੰਗ ਅਤੇ ਜੀਵਨ ਬੀਮਾ ਸਮੂਹਾਂ ਦੀ ਕਾਰਪੋਰੇਟ ਆਮਦਨ ਟੈਕਸ ਦਰ ਵਿੱਚ ਸਥਾਈ 1.5 ਪ੍ਰਤੀਸ਼ਤ ਪੁਆਇੰਟ ਵਾਧਾ।

## ਸੰਬੰਧਿਤ ਗਲਾਂ

• ਹਾਊਸਿੰਗ ਨੂੰ ਹੋਰ ਕਿਫਾਇਤੀ ਬਣਾਉਣਾ
• ਇੱਕ ਮਜ਼ਬੂਤ, ਵਧਦੀ, ਅਤੇ ਲਚਕੀਲੀ ਆਰਥਿਕਤਾ
• ਸਾਫ਼ ਹਵਾ ਅਤੇ ਇੱਕ ਮਜ਼ਬੂਤ ਆਰਥਿਕਤਾ
• ਮੱਧ ਵਰਗ ਲਈ ਚੰਗੀਆਂ ਨੌਕਰੀਆਂ ਪੈਦਾ ਕਰਨਾ
• ਵਿਸ਼ਵ ਵਿੱਚ ਕੈਨੇਡਾ ਦੀ ਲੀਡਰਸ਼ਿਪ
• ਮਜ਼ਬੂਤ ਜਨਤਕ ਸਿਹਤ ਦੇਖਭਾਲ
• ਸੁਲ੍ਹਾ-ਸਫਾਈ 'ਤੇ ਅੱਗੇ ਵਧਣਾ
• ਸੁਰੱਖਿਅਤ ਅਤੇ ਸ਼ਮੂਲੀਅਤ ਵਾਲੇ ਭਾਈਚਾਰੇ
• ਜੀਵਨ ਨੂੰ ਹੋਰ ਕਿਫਾਇਤੀ ਬਣਾਉਣ ਲਈ ਨਿਵੇਸ਼ ਕਰਨਾ
• ਕੈਨੇਡਾ ਦੇ ਪੇਂਡੂ ਭਾਈਚਾਰਿਆਂ ਦਾ ਸਮਰਥਨ ਕਰਨਾ

• ਜਲਦੀ ਸਿੱਖਣ ਅਤੇ ਬਾਲ ਦੇਖਭਾਲ ਦਾ ਸਮਰਥਨ ਕਰਨਾ
• ਜਾਇਜ਼ ਟੈਕਸ

**ਸੰਬੰਧਿਤ ਲਿੰਕ**

• ਆਰਥਿਕ ਅਤੇ ਵਿੱਤੀ ਅੱਪਡੇਟ 2021

**ਸੰਪਰਕ ਲਈ**

**ਮੀਡੀਆ ਦੇ ਸੰਪਰਕ ਲਈ:**

ਏਡਰੀਅਨ ਵੌਂਪਸ਼ੈਸ
ਪ੍ਰੈੱਸ ਸੈਕਟਰੀ

ਆਫਿਸ ਆਫ ਦੀ ਡਿਪਟੀ ਪ੍ਰਾਈਮ ਮਨਿਸਟਰ ਐਂਡ ਮਨਿਸਟਰ ਆਫ ਫਾਈਨੈਂਸ
Adrienne.Vaupshas@fin.gc.ca

ਮੀਡੀਆ ਰਿਲੇਸ਼ਨਸ
ਡਿਪਾਰਟਮੈਂਟ ਆਫ ਫਾਈਨੈਂਸ ਕੈਨੇਡਾ
mediare@fin.gc.ca
613-369-4000

**ਆਮ ਪੁੱਛਗਿੱਛ**

ਫੋਨ: 1-833-712-2292
TTY: 613-369-3230

ਈਮੇਲ: financepublic-financepublique@fin.gc.ca